http://www.bsehonline.com/

**CLASS : 10th (Secondary)** **Code No. 4210**

**Series : Sec. M/2019**

ਰੋਲ ਨੰ. | | | | | | | | | | |

***SET : B***

# ਪੰਜਾਬੀ

## PUNJABI

*(Academic/Open)*

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛਪੇ ਪੰਨਿਆ ਦੀ ਸੰਖਿਆ **8** ਅਤੇ ਪ੍ਰਸ਼ਨ **14** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



http://www.bsehonline.com/

http://www.bsehonline.com/



*ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।*

**ਭਾਗ – (ੳ)**

**1.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਨਰੇਂਦਰ ਨੇ ਚਾਕੂ ਨਾਲ ਸੇਬ ਕੱਟਿਆ। ਵਾਕ ਵਿਚ 'ਚਾਕੂ' ਸ਼ਬਦ ਦਾ ਕਾਰਕ ਹੈ :

(ੳ) ਕਰਨ ਕਾਰਕ

(ਅ) ਕਰਮ ਕਾਰਕ

(ੲ) ਸੰਬੰਧ ਕਾਰਕ

(ਸ) ਕਰਤਾ ਕਾਰਕ

(ii) ਮੈਂ ਹਰ ਰੋਜ ਸੈਰ ਕਰਦਾ ਹਾਂ। ਵਾਕ ਵਿਚ 'ਮੈਂ' ਸ਼ਬਦ ਹੈ :

(ੳ) ਪੁਰਖਵਾਚਕ ਪੜਨਾਂਵ

(ਅ) ਨਿੱਜਵਾਚਕ ਪੜਨਾਂਵ

(ੲ) ਆਮ ਨਾਂਵ

(ਸ) ਪ੍ਰਸ਼ਨਵਾਚਕ ਪੜਨਾਂਵ

(iii) ਸ਼ੁੱਧ ਸ਼ਬਦ ਚੁਣੋ :

(ੳ) ਅੱਦਖੜ (ਅ) ਮੁਖਾਤਿਵ

(ੲ) ਪੰਡਤ (ਸ) ਕੰਘਾ



http://www.bsehonline.com/

http://www.bsehonline.com/



(iv) ਛੱਜ ਤਾਂ ਬੋਲੇ, ....... ਵੀ ਬੋਲੇ। ਅਖਾਣ ਪੂਰੀ ਕਰੋ :

(ੳ) ਰੇਡੀਓ (ਅ) ਛਾਣਨੀ

(ੲ) ਕੂੰਡਾ (ਸ) ਛਿੱਕਾ

**2.** (i) ਤਾੜੀ ਦੋਹਾਂ ਹੱਥਾਂ ਨਾਲ ਹੀ ਵੱਜਦੀ ਹੈ। (ਨਾਂਹ ਵਾਚਕ ਵਾਕ ਬਣਾਓ) 1

(ii) ਆਪਣਾ ਪਤਾ ਦੱਸੋ। (ਪ੍ਰਸ਼ਨ ਵਾਚਕ ਵਾਕ ਬਣਾਓ) 1

(iii) ਰਾਕੇਸ਼ ਪੁਸਤਕ ਪੜ੍ਹਦਾ ਹੈ। (ਲਕੀਰੇ ਸ਼ਬਦ ਦੀ ਪਦਵੰਡ ਕਰੋ) 1

(iv) 'ਨਿਰ' ਅਗੇਤਰ ਤੋਂ ਇਕ ਸ਼ਬਦ ਬਣਾਓ। 1

**3.** ਮਿੱਠਾ ਮਿਹਨਤ ਦਾ ਹੁੰਦਾ ਫਲ ਹੈ। (ਵਾਕ ਨੂੰ ਸ਼ੁੱਧ ਕਰਕੇ ਲਿਖੋ) 2

**4.** ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਵਾਹ ਬਈ ਵਾਹ ਤੁਸੀਂ ਜਲੰਧਰ ਤੋਂ ਹੋ ਰੋਹਿਤ ਨੇ ਪੁੱਛਿਆ

**5.** ਹੇਠ ਲਿਖੇ ਮੁਹਾਵਰਿਆ ਵਿਚੋਂ ਕਿਸੇ ***ਇਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋ : 2

(i) ਹੱਥ ਮਲਣਾ

(ii) ਅੱਗ ਬਗੂਲਾ ਹੋਣਾ

**6.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:

ਪੰਜਾਬ ਵਿਚ ਜਦ ਕਿਸੇ ਦਾ ਵਿਆਹ ਸੁਧਵਾਇਆ ਜਾਂਦਾ ਹੈ ਤਾਂ ਆਮ ਤੌਰ ਉੱਤੇ ਪੋਹ, ਚੇਤਰ, ਸਾਉਣ ਤੇ ਕੱਤਕ ਵਿਆਹ ਨਹੀਂ ਹੁੰਦੇ।



http://www.bsehonline.com/

http://www.bsehonline.com/



ਇਹਨਾਂ ਦਿਨਾਂ ਵਿਚ ਵਿਆਹ ਹੋਣੇ ਨਹਿਸ਼ ਗਿਣੇ ਜਾਂਦੇ ਹਨ। ਪਰ ਅਸਲ ਵਿਚ ਪੋਹ ਵਿਚ ਅਤਿ ਦੀ ਠੰਡ ਕਰਕੇ ਬਾਹਰ ਨਿਕਲਣਾ ਤੇ ਬਰਾਤ ਲਈ ਪ੍ਰਬੰਧ ਕਰਨਾ ਮੁਸ਼ਕਿਲ ਹੁੰਦਾ ਹੈ। ਦੂਸਰੇ ਕਣਕ ਦੇ ਖੇਤਾਂ ਵਿਚੋਂ ਪੋਹਲੀ ਮਾਰਨੀ 'ਤੇ ਹੋਰ ਬੂਟੀਆਂ ਕੱਢਣੀਆਂ ਹੁੰਦੀਆਂ ਹਨ, ਜਿਸ ਕਰਕੇ ਲੋਕਾਂ ਨੂੰ ਵਿਹਲ ਨਹੀਂ ਹੁੰਦੀ। ਚੇਤਰ ਵਿਚ ਕਣਕ ਦੀ ਰਾਖੀ, ਸਾਉਣ ਵਿਚ ਮੀਂਹ ਕਾਰਨ ਪੈਂਡੇ ਬਖੇੜਾ, ਝੋਨੇ ਦੀ ਬੀਜਾਈ, ਕੱਤਕ ਵਿਚ ਕਣਕਾਂ ਦੀ ਬਿਜਾਈ ਤੇ ਕਪਾਹ ਦੀ ਚੁਗਾਈ ਜਾਂ ਝੋਨੇ ਦੀ ਵਾਢੀ ਐਸੀਆਂ ਰੁਕਾਵਟਾਂ ਹਨ, ਜਿਨ੍ਹਾਂ ਕਾਰਨ ਇਹਨਾਂ ਦਿਨਾਂ ਵਿਚ ਵਿਆਹ ਮਾੜੇ ਗਿਣੇ ਜਾਂਦੇ ਹਨ।

(i) ਪੋਹ ਵਿਚ ਵਿਆਹ ਨਾ ਕਰਨ ਦੇ ਕੀ ਕਾਰਨ ਹਨ? 2

(ii) ਪੰਜਾਬ ਵਿਚ ਆਮ ਤੌਰ ਤੇ ਕਿਹੜੇ ਮਹੀਨਿਆਂ ਵਿਚ ਵਿਆਹ ਨਹੀਂ ਹੁੰਦੇ? 2

(iii) ਝੋਨੇ ਦੀ ਬਿਜਾਈ ਕਿਹੜੇ ਮਹੀਨੇ ਹੁੰਦੀ ਹੈ? 1

**7.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : 5

(i) ਗੁਰੂ ਗੋਬਿੰਦ ਸਿੰਘ ਜੀ

(ii) ਵਧ ਰਹੀਆਂ ਕੀਮਤਾਂ

(iii) ਪੰਜਾਬ ਦੇ ਮੇਲੇ

(iv) ਕਿਤਾਬਾਂ ਦਾ ਮਹੱਤਵ

(v) ਮੇਰਾ ਹਰਿਆਣਾ



http://www.bsehonline.com/

http://www.bsehonline.com/



**8.** ਤੁਹਾਡਾ ਮੋਬਾਈਲ ਫ਼ੋਨ ਗੁੰਮ ਹੋ ਗਿਆ ਹੈ। ਉਸ ਦੀ ਥਾਣੇ ਵਿਚ ਰਿਪੋਰਟ ਲਿਖਾਉਣ ਲਈ ਬਿਨੈ-ਪੱਤਰ ਲਿਖੋ। 5

**ਜਾਂ**

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਬੇਨਤੀ ਪੱਤਰ ਲਿਖੋ।

**ਭਾਗ – (ਅ)**

**9.** (i) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਮਿਤਰਾਂ ਲਿਖ ਕਿਤਾਬਤ ਭੇਜੀ,
ਲਗਾ ਬਾਣ ਫਿਰਾਂ ਤੜਫੇਂਦੀ,
ਤਨ ਵਿਚਿ ਤਾਕਤ ਰਹੀ ਨਾ ਮੂਲੇ,
ਰੋ ਰੋ ਹਰਫ਼ ਪਛਾਣੀਦਾ।

**ਜਾਂ**

ਕਿੰਨੀ ਛੇਤੀ ਸੋਚ ਲਿਆ ਤੂੰ, ਧੀ ਨੂੰ ਕਿਵੇਂ ਵਿਆਵਾਂਗੀ।
ਇਹ ਨਹੀਂ ਸੋਚਿਆ ਵੀਰ ਮੇਰੇ ਨੂੰ ਰੱਖੜੀ ਕਿੰਜ ਬਨ੍ਹਾਵਾਂਗੀ।
ਪਲ ਵਿਚ ਪੱਤਾ-ਪੱਤਾ ਹੋਜੂ ਫੁੱਲਾਂ ਦੀ ਫੁਲਵਾੜੀ ਮਾਂ।
ਨਹੀਂ ਮੰਗਦੀ ਮੈਂ ਲੋਰੀ ਤੈਥੋਂ, ਜਨਮ ਤਾਂ ਦੇ ਇਕ ਵਾਰੀ ਮਾਂ।

(ii) ਪੰਜਾਬੀ ਭਾਸ਼ਾ ਬਾਰੇ ਕਵੀ ਕੀ ਵਿਚਾਰ ਪੇਸ਼ ਕਰ ਰਿਹਾ ਹੈ? 3

(iii) 'ਅਲਾਣੀ ਮੰਜੀ' ਤੋਂ ਕੀ ਭਾਵ ਹੈ? 1



http://www.bsehonline.com/

http://www.bsehonline.com/



**10.** (i) ਝੋਨਾ ਲਾਉਣ ਨਾਲ ਪੰਜਾਬੀਆਂ ਨੂੰ ਕੀ ਨੁਕਸਾਨ ਹੋਇਆ ? 3

(ii) ਪੰਜਾਬੀ ਭਾਸ਼ਾ ਲਈ ਵਿਕਸਿਤ ਹੋ ਚੁੱਕੇ ਪ੍ਰਮੁੱਖ ਸਾਫ਼ਟਵੇਅਰਾਂ ਦੇ ਨਾਂ ਲਿਖੋ। 3

(iii) ਵਿਸ਼ਨੂੰ ਗੁਪਤ ਅਨੁਸਾਰ ਲਛਮੀ ਕਿਹੋ ਜਿਹੇ ਲੋਕਾਂ ਨੂੰ ਛੱਡ ਦਿੰਦੀ ਹੈ ? 2

(iv) ਬਹੁ-ਬੁਧੀ ਦੇ ਸਿਧਾਂਤ ਦਾ ਨਿਰਮਾਤਾ ਕੌਣ ਹੈ ? 1

**11.** (i) ਰੋਹਿਤ ਦੀ ਸਭ ਤੋਂ ਪਹਿਲਾਂ ਪ੍ਰਾਹੁਣਚਾਰੀ ਕਿਸ ਨੇ ਅਤੇ ਕਿਵੇਂ ਕੀਤੀ ? 3

(ii) ਕਹਾਣੀ ਵਿਚ ਈਅਰਫ਼ੋਨ ਦੀ ਵਰਤੋ ਦੇ ਕਿਹੜੇ ਬੁਰੇ ਪ੍ਰਭਾਵ ਦੱਸੇ ਗਏ ਹਨ ? 3

(iii) ਦੋਵਾਂ ਗੁਆਂਢਣਾਂ ਵਿਚ ਅਣਬਣ ਦਾ ਕੀ ਕਾਰਨ ਸੀ ? 2

(iv) 'ਮੈਂ ਕਿਸੇ ਤੋਂ ਘੱਟ ਨਹੀਂ' ਕਹਾਣੀ ਕਿਸ ਦੀ ਰਚਨਾ ਹੈ ? 1

**12.** (i) 'ਰਾਜਿਆ ਰਾਜ ਕਰੇਂਦਿਆ' ਇਕਾਂਗੀ ਦੇ ਵਿਸ਼ੇ-ਵਸਤੂ ਤੇ ਵਿਚਾਰ ਕਰੋ। 5

**ਜਾਂ**

ਤੋਤਾ-ਮੈਨਾ ਦੇ ਗੀਤ ਰਾਹੀਂ ਇਕਾਂਗੀਕਾਰ ਕੀ ਸੁਨੇਹਾ ਦੇ ਰਿਹਾ ਹੈ। ਆਪਣੇ ਵਿਚਾਰ **100** ਸ਼ਬਦਾ ਵਿਚ ਲਿਖੋ।

(ii) ਸ਼ਾਮ ਦਾਸ, ਰਾਮ ਭਜਨੀ ਤੋਂ ਕਿਸ ਚੀਜ਼ ਦੀ ਮੰਗ ਕਰਦਾ ਹੈ ? ਕਿਉ ? 3

(iii) 'ਬੇਬੇ ਰਾਮ ਭਜਨੀ' ਇਕਾਂਗੀ ਕਿਸ ਦੀ ਰਚਨਾ ਹੈ ? 1

(iv) ਪਾਂਧੇ ਨੂੰ ਰਾਮ ਭਜਨੀ ਕੋਲ ਕੌਣ ਲੈ ਕੇ ਆਉਂਦਾ ਹੈ ? 1



http://www.bsehonline.com/

http://www.bsehonline.com/



**13.** (i) ਬੀਬੀ ਭਾਨੀ ਜੀ ਕਿਹੜੇ ਗੁਣਾਂ ਦੇ ਧਾਰਨੀ ਸਨ ? 3

(ii) ਨਾਨਕ ਸਿੰਘ ਦਾ ਪਹਿਲਾ ਨਾਵਲ ਕਿਹੜਾ ਸੀ ? ਉਸ ਬਾਰੇ ਜਾਣਕਾਰੀ ਦਿਉ। 3

(iii) ਡਾ੦ ਕਲਾਮ ਨੂੰ ਭਾਰਤ ਦੇ ਕਿਹੜੇ ਵੱਡੇ ਸਨਮਾਨ ਹਾਸਲ ਹੋਏ ? 2

(iv) ਮਿਲਖਾ ਸਿੰਘ ਨੇ ਕਿੰਨੇ ਮੁਕਾਬਲਿਆਂ ਵਿਚ ਜਿੱਤ ਹਾਸਲ ਕੀਤੀ ? 1

**14.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਕਵੀ ਸੁਦਰਸ਼ਨ ਗਾਸੋ ਨੇ ਸਰਹੱਦ ਦੇ ਆਰ-ਪਾਰ ਕਿਸ ਦੇ ਚਮਕਣ ਦਾ ਹਵਾਲਾ ਦਿੱਤਾ ?

(ੳ) ਚੰਦ ਦੇ

(ਅ) ਸੂਰਜ ਦੇ

(ੲ) ਫੁੱਲ ਦੇ

(ਸ) ਪੱਥਰ ਦੇ

(ii) ਸਿਡਨੀ ਸ਼ਹਿਰ ਕਿਹੜੇ ਦੇਸ਼ ਵਿਚ ਹੈ ?

(ੳ) ਆਸਟ੍ਰੇਲੀਆ ਵਿਚ

(ਅ) ਅਮਰੀਕਾ ਵਿਚ

(ੲ) ਇੰਗਲੈਂਡ ਵਿਚ

(ਸ) ਰੂਸ ਵਿਚ



http://www.bsehonline.com/

http://www.bsehonline.com/



(iii) 'ਮੈਂ ਕਿਸੇ ਤੋਂ ਘੱਟ ਨਹੀਂ' ਕਹਾਣੀ ਦੀ ਮੁੱਖ ਪਾਤਰ ਹੈ :

(ੳ) ਵੰਦਨਾ

(ਅ) ਮੀਨਾਕਸ਼ੀ

(ੲ) ਰਜਨੀ

(ਸ) ਅਰਚਨਾ

(iv) ਮਿਲਖਾ ਸਿੰਘ ਕਦੋਂ ਫ਼ੌਜ ਵਿਚ ਭਰਤੀ ਹੋਇਆ ?

(ੳ) 1960 ਵਿਚ

(ਅ) 1964 ਵਿਚ

(ੲ) 1952 ਵਿਚ

(ਸ) 1956 ਵਿਚ



http://www.bsehonline.com/